ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਚੰਡੀ ਦੀ ਵਾਰ

ਸਟੀਕ

ਲੇਖਕ-

ਭਾਈ ਸਾਹਿਬ ਭਾ: ਕਾਨ੍ਹ ਸਿੰਘ ਜੀ ਨਾਭਾ

ਕਰਤਾ ਮਹਾਨ-ਕੋਸ਼

ਪ੍ਰਕਾਸ਼ਕ

ਮੈਨੇਜਰ "ਸਤਿਜੁਗ" ਸ੍ਰੀ ਭੈਣੀ ਸਾਹਿਬ
ਜ਼ਿਲਾ ਲੁਧਿਆਣਾ

ਸੰਖਿਆ ਪਹਿਲੀਵਾਰ ੧੯੦੦

BHAPE DI HATTI,
Bazar Mai Sewan, Amritsar.

ਮੋਲ ॥)

ਚੰਡੀ ਦੀ ਵਾਰ

ਸਟੀਕ

ਕ੍ਰਿਤ

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਨਿਵਾਸੀ

DYAL SINGH LAHORE LIBRARY

ਪ੍ਰਕਾਸ਼ਕ:—

ਮੈਨੇਜਰ "ਸਤਿਜੁਗ" ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ ੧੯੦੦ ਭੇਟਾ ਮੁਜੱਲਦ ॥)

ਚ ਸ ਲੈ
22181

"ਸ੍ਰੀ ਸਤਿਗੁਰੂ ਰਾਮ-ਹਰੀ ਪ੍ਰਸ"
ਸ੍ਰੀ ਭੈਣੀ ਸਾਹਿਬ ਜਿਲਾ ਲੁਦਿਹਾਨਾ ਵਿਖੇ
ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ
ਦੇ ਪ੍ਰਬੰਧ ਨਾਲ
ਪ੍ਰਕਾਸ਼ਤ ਹੋਯਾ।

ਸ਼ਬਦਾਂਜਲੀ

ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਭੁਤ ਕਾਵਯ ਰਚਨਾ, ਜਿਥੇ ਮੁਕਤਿ ਭੁਗਤ ਦੀ ਦਾਤੀ ਹੈ ਓਥੇ ਸਾਹਿਤਯ ਸੰਸਾਰ ਵਿਚ ਵੀ ਇਕ ਵਿਸ਼ੇਸ਼ ਦਰਜਾ ਰਖਦੀ ਏ। ਸਚ ਤਾਂ ਏ ਹੈ ਕਿ ਆਪ ਜੀ ਨੇ ਜਿਸ ਵਿਸ਼ੇ ਤੇ ਵੀ ਕਲਮ ਫੜੀ ਹੈ ਕਮਾਲ ਕਰ ਘਤੀ ਏ। ਸ਼੍ਰਿੰਗਾਰ, ਵਜੋਗ ਸ਼੍ਰਿੰਗਾਰ, ਬੀਰ-ਰਸ, ਗੋਪੀ ਉਧਵ ਸੰਬਾਦ, ਮੁਰਲੀ ਮਾਧੁਰੀ, ਆਪ ਜੀ ਦੀ ਰਚਨਾ ਦਾ ਇਕ ਬੜਾ ਆਹਲਾ ਭਾਗ ਹਨ। ਸਿਖ ਪੰਥ ਨੂੰ ਮਾਣ ਹੈ ਕਿ ਏਡਾ ਸਾਹਿਤਯ ਦਾ ਸਰਬ ਕਲਾ ਸੰਪੂਰਨ ਗ੍ਰੰਥ ਹੋਰ ਕਿਸੇ ਭਾਸ਼ਾ ਵਿਚ ਵੀ ਨਹੀ।

ਦਸਮ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦਾ ਸਿਖ ਪੰਥ ਵਿਚ ਏਡਾ ਮਾਣ ਰਿਹਾ ਹੈ, ਅਤੇ ਅਜ ਤੀਕ ਪੁਰਾਤਨ ਖਯਾਲਾਂ ਦੇ ਸਿਖਾਂ ਵਿਚ ਉਸੇ ਤਰ੍ਹਾਂ ਹੈ। ਕੁਝ ਦਿਨਾਂ ਤੋਂ, ਕਈ ਨਿਘੋਚੀ (ਸਮਾ ਲੋਚਕ) ਇਸ ਬਾਣੀ ਉਤੇ ਕਈ ਤਰ੍ਹਾਂ ਦੇ ਸ਼ੰਕੇ ਕਰਦੇ ਸਨ। ਇਕ ਵਾਰਤੇ ਏਥੋਂ ਤੀਕ ਏਹ ਲਹਿਰ ਚਲੀ ਸੀ ਕਿ ਸਵਾਇ ਇਕ ਦੋ ਬਾਣੀਆਂ ਦੇ ਬਾਕੀ ਇਸਦਾ ਪਾਠ ਕਰਨਾ ਵੀ ਚੰਗਾ ਨਹੀਂ ਸੀ ਸਮਝਿਆ ਜਾਂਦਾ, ਦਜ ਸ਼ਬਦਾਂ ਵਿਚ ਕਰਨਾ ਵੀ ਨਹੀ ਸੀ ਆਂਦਾ। ਆਮ ਤੌਰ ਤੇ ਜੋ ਖੁਲਮ-ਖੁਲਾ ਸ਼ੰਕਾ ਕੀਤਾ ਜਾਂਦਾ ਸੀ ਓਹ ਇਹ ਸੀ ਕਿ ਏਹ ਬਾਣੀ ਕਵੀਆਂ ਦੀ ਰਚਨਾ ਹੈ ਸ੍ਰੀ ਦਸਮੇਸ਼ ਜੀ ਦੀ ਸੈਰਚਨਾ ਨਹੀ। ਭਾਵੇਂ ਏਹ ਕਿੰਤੂ ਕੋਈ ਖਾਸ ਮਾਹਨ ਨਹੀ ਸੀ ਰਖਦਾ ਕਿਉਂਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਵਿਚ ਵੀ ਕਵੀਆਂ ਦੀ ਬਾਣੀ ਦਾ ਕੋਈ ਘਾਟਾ ਨਹੀ, ਕਬੀਰ, ਰਵਿਦਾਸ, ਆਦਿ ਪ੍ਰਗਟ ਹੀ ਹਨ, ਜਦ ਓਹਨਾਂ ਤੇ ਕੋਈ ਸ਼ੰਕਾ ਨਹੀ ਉਠਦਾ, ਤਾਂ ਏਹਨਾਂ ਤੇ ਕਿਉਂ ਹੋਵੇ। ਜੇ ਪੰਚਮ ਗੁਰੂ ਕਵੀਆਂ ਦੀ ਬਾਣੀ ਪ੍ਰਮਾਣ ਕਰਕੇ ਉਸਨੂੰ ਗੁਰਬਾਣੀ ਦਾ ਦਰਜਾ ਦੇਕ ਪ੍ਰਮਾਣ ਸਕਦੇ ਸਨ, ਤਾਂ ਸ੍ਰੀ ਦਸਮੇਸ਼ ਜੀ ਦੀ ਪ੍ਰਮਾਣੀ ਬਾਣੀ ਤੇ ਇਹ ਅਖਸ਼ੇਪ ਕਿਉਂ ? ਫਿਰ ਬਹੁਤ ਸਾਰੇ ਸਿਖਾਂ ਦੇ ਨਿਸਚੇ ਅਨੁਸਾਰ ਦਸਮ ਗੁਰੂ ਗ੍ਰੰਥ ਦੀ ਸਾਰੀ ਦੀ ਸਾਰੀ ਰਚਨਾਂ ਹੀ ਸ੍ਰੀ ਕਲਗੀਧਰ ਸ੍ਵਾਮੀ ਦੀ ਆਪਣੀ ਹੀ ਹੈ।

ਨਾਮਧਾਰੀ ਪੰਥ ਵਿਚ ਦਸਮ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੀ ਬਾਣੀ ਦਾ ਬੜਾ ਮਾਣ ਹੈ। ਆਦਿ ਬਾਣੀ ਦੇ ਨਾਲ ਨਿਤਨੇਮ ਵਿਚ ਇਸਦੇ ਪਾਠ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਾਕੀਦੀ ਹੁਕਮ ਹੈ। ਏਹਨਾਂ ਵਿਚੋਂ ਕਈ ਬਾਣੀਆਂ ਅਜੇਹੀਆਂ ਹਨ ਕਿ ਜੇ ਆਦਿ ਬਾਣੀ ਰਹਿ ਜਾਏ ਤਾਂ ਰਹਿ ਜਾਏ ਪਰ ਵਕਤ ਮੁਕੱਰਰਾ ਤੇ ਇਸਦਾ ਪਾਠ ਜਰੂਰ ਹੋਵੇ। ਜਿੰਨ੍ਹਾਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.